# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਅਧੀਨ ਸਥਾਪਿਤ)

ਅਕਾਦਮਿਕ ਕੌਂਸਲ ਦੀ ਮਿਤੀ 23 ਜੁਲਾਈ, 2024 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਦੇ ਮਿਸਲੇਖ 10, (ਪੈਰ੍ਹਾ 10.32) ਦਾ ਉਤਾਰਾ.

**ਪਾਸ ਹੋਇਆ ਕਿ ਮਿਸਲੇਖ 10 ਵਿੱਚ ਦਰਜ ਨਿਮਨ ਦਰਸਾਏ ਅਨੁਸਾਰ ਵਿਵਰਣ ਮੱਦਾਂ (10.1 ਤੋਂ 10.63) ਸਬੰਧੀ ਵਾਈਸ-ਚਾਂਸਲਰ ਸਾਹਿਬ ਵਲੋਂ ਦਿੱਤੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ :**

**10. ਫੁਟਕਲ (Misc.) (ਕੁੱਲ ਮੱਦਾਂ-63) (ਅੰਤਿਕਾ-10.1 ਤੋਂ 10.63 ਤੱਕ)।**

**10.32** ਗਠਿਤ ਕਮੇਟੀ ਦੀ ਮਿਤੀ 02.11.2023 ਨੂੰ ਹੋਈ ਇਕੱਤਰਤਾ ਵਿਚ ਸਿੰਡੀਕੇਟ ਪੈਰ੍ਹਾ ਨੰ. 19 ਮਿਤੀ 20 ਦਸੰਬਰ, 2010 ਅਤੇ ਯੂਨੀਵਰਸਿਟੀ ਵੱਲੋਂ ਜਾਰੀ ਪੱਤਰ 'ਤੇ ਮੁੜ ਵਿਚਾਰ ਕਰਨ ਉਪਰੰਤ ਉਕਤ ਕਮੇਟੀ ਵੱਲੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ (ਸਮੇਤ ਟੈਕਨੀਕਲ ਕਾਲਜਾਂ) ਨੂੰ ਹੇਠ ਲਿਖੇ ਅਨੁਸਾਰ ਦਿਸ਼ਾ-ਨਿਰਦੇਸ਼ ਜਾਰੀ ਕਰਨ ਸਬੰਧੀ ਕੀਤੀਆਂ ਸਿਫ਼ਾਰਸ਼ਾਂ ਨੂੰ ਪ੍ਰਵਾਨ **(ਅੰਤਿਕਾ-10.32)** ਕੀਤਾ ਗਿਆ ਹੈ.

1. ਸਬੰਧਤ ਕਾਲਜਾਂ ਨੂੰ ਸਪਸ਼ਟ ਕੀਤਾ ਜਾਂਦਾ ਹੈ ਕਿ ਉਨ੍ਹਾਂ ਵੱਲੋਂ ਸੈਸ਼ਨ 2024-2025 ਤੋਂ ਰੈਗੂਲੇਟਰੀ ਬਾਡੀ (AICTE/NCTE/BCIਆਦਿ) ਵੱਲੋਂ ਪ੍ਰਵਾਨਤ ਸੀਟਾਂ ਵਿੱਚ ਹੀ ਉੱਚ ਕੋਟੀ ਦੇ ਖਿਡਾਰੀਆਂ ਲਈ ਸਪੋਰਟਸ ਕੋਟੇ ਅਧੀਨ ਪੰਜ ਸੀਟਾਂ ਰਾਖਵੀਆਂ ਕੀਤੀਆਂ ਜਾਣ। ਅਜਿਹਾ ਨਾ ਕਰਨ ਦੀ ਸੂਰਤ ਵਿਚ ਕਾਲਜ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
2. ਸਬੰਧਤ ਕਾਲਜਾਂ ਵੱਲੋਂ ਸਪੋਰਟਸ ਕੋਟੇ ਅਧੀਨ ਪੰਜ ਰਾਖਵੀਆਂ ਸੀਟਾਂ ਉੱਚ ਕੋਟੀ ਦੇ ਖਿਡਾਰੀਆਂ ਲਈ ਹੀ ਖਾਲੀ ਰੱਖੀਆਂ ਜਾਣ ਅਤੇ ਇਨ੍ਹਾਂ ਸੀਟਾਂ ਦੇ ਦਾਖਲਿਆਂ ਸਬੰਧੀ ਬਾਕੀ ਵਿਦਿਆਰਥੀਆਂ ਲਈ ਨਿਰਧਾਰਤ ਸ਼ਡਿਊਲ ਦੀ ਬਜਾਏ ਲੋੜ ਅਨੁਸਾਰ ਵਿਸ਼ੇਸ਼ ਤੌਰ 'ਤੇ ਪ੍ਰਬੰਧ ਹੋਵੇਗਾ।
3. ਸਪੋਰਟਸ ਕੋਟੇ ਅਧੀਨ ਪੰਜ ਰਾਖਵੀਆਂ ਸੀਟਾਂ ਵਿੱਚ ਉੱਚ ਕੋਟੀ ਦੇ ਖਿਡਾਰੀਆਂ ਲਈ ਯੂਨੀਵਰਸਿਟੀ ਵੱਲੋਂ ਨਿਰਧਾਰਤ ਪ੍ਰੀਖਿਆ ਫ਼ੀਸ/ਰਿਟਰਨ ਫ਼ੀਸ ਤੋਂ ਛੋਟ ਹੋਵੇਗੀ।
4. ਸਿੰਡੀਕੇਟ ਦੇ ਪੈਰ੍ਹਾ (ਸਿੰਡੀਕੇਟ ਦੇ ਪੈਰ੍ਹਾ ਨੰ. 19 ਮਿਤੀ 20 ਦਸੰਬਰ,2010) ਜਿੱਥੇ ਰੈਗੂਲੇਟਰੀ ਬਾਡੀ (AICTE/NCTE/BCI ਆਦਿ) ਹੈ, ਉੱਥੇ ਇਹ ਪੈਰ੍ਹਾ ਲਾਗੂ ਨਹੀਂ ਹੋਵੇਗਾ, ਕੇਵਲ ਯੂਨੀਵਰਸਿਟੀ ਪੱਧਰ 'ਤੇ ਚਲਦੇ ਬਾਕੀ ਕੋਰਸਾਂ ਲਈ ਹੀ ਲਾਗੂ ਹੋਵੇਗਾ।

2953

ਨੰਬਰ : [illegible] /ਸਿੰਡੀਕੇਟ ਮਿਤੀ : 14/8/2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1. ਵਿੱਤ ਅਫ਼ਸਰ
2. ਡਾਇਰੈਕਟਰ, ਸਪੋਰਟਸ- (ਨੱਥੀ ਮਿਸਲ)

16/8/2024

14/8/24

ਸਹਾਇਕ ਰਜਿਸਟਰਾਰ (ਸਿੰਡੀਕੇਟ)

ਨੋਟ: ਉਪਰੋਕਤ ਹਵਾਲਾ ਪੈਰ੍ਹੇ 'ਤੇ ਕੀਤੀ ਕਾਰਵਾਈ ਬਾਰੇ ਜਾਣਕਾਰੀ ਇਕ ਹਫ਼ਤੇ ਦੇ ਅੰਦਰ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।

14323/24
16/8/2024

ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)

ਦਫ਼ਤਰ: ਡਾਇਰੈਕਟੋਰੇਟ ਆਫ਼ ਸਪੋਰਟਸ

---

ਨੰ. 5050 /ਫਸ

ਮਿਤੀ 20/11/23

ਚੇਅਰਮੈਨ/ਪ੍ਰਿੰਸੀਪਲ ਸਾਹਿਬਾਨ
ਸਮੂਹ ਸਬੰਧਤ ਕਾਲਜਿਜ਼

ਵਿਸ਼ਾ: ਸੈਸ਼ਨ 2024-25 ਤੋਂ ਰੈਗੂਲੇਟਰੀ ਬਾਡੀ (AICTE/NCTE/BCI ਆਦਿ) ਵੱਲੋਂ ਪ੍ਰਵਾਨਤ ਸੀਟਾਂ ਵਿੱਚ ਹੀ ਉਚ ਕੋਟੀ ਦੇ ਖਿਡਾਰੀਆਂ ਲਈ ਸਪੋਰਟਸ ਕੋਟੇ ਅਧੀਨ ਪੰਜ ਸੀਟਾਂ ਰਾਖਵੀਆਂ ਰੱਖਣ ਸਬੰਧੀ।

ਮਾਣਯੋਗ ਵਾਈਸ ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ/ਫਿਜ਼ੀਕਲ ਐਜੂਕੇਸ਼ਨ ਕਾਲਜਾਂ ਨੂੰ ਸਿੰਡੀਕੇਟ ਪੈਰ੍ਹਾ/ਯੂਨੀਵਰਸਿਟੀ ਵੱਲੋਂ ਜਾਰੀ ਪੱਤਰ ਦੀ ਲੋਅ ਵਿੱਚ ਖਿਡਾਰੀਆਂ ਲਈ ਰਾਖਵੀਆਂ ਵਾਧੂ ਸੀਟਾਂ ਅਧੀਨ ਦਾਖਲਾ ਦੇਣ ਸਬੰਧੀ ਸਪਸ਼ਟ ਦਿਸ਼ਾ-ਨਿਰਦੇਸ਼ ਦੇਣ ਤੇ ਵਿਚਾਰ ਕਰਨ ਅਤੇ ਸਿਫਾਰਸ਼ਾਂ ਲੈਣ ਸਬੰਧੀ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 02.11.2023 ਨੂੰ ਡੀਨ ਅਕਾਦਮਿਕ ਮਾਮਲੇ ਦੀ ਪ੍ਰਧਾਨਗੀ ਹੇਠ ਹੋਈ। ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਵਾਈਸ ਚਾਂਸਲਰ ਸਾਹਿਬ ਵੱਲੋਂ ਪ੍ਰਵਾਨਤ ਸਿਫਾਰਸ਼ਾਂ ਦੀ ਲੋਅ ਵਿਚ ਆਪ ਜੀ ਨੂੰ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ।

1. ਸਬੰਧਤ ਕਾਲਜਾਂ ਨੂੰ ਸਪਸ਼ਟ ਕੀਤਾ ਜਾਂਦਾ ਹੈ ਕਿ ਉਹਨਾਂ ਵੱਲੋਂ ਸੈਸ਼ਨ 2024-25 ਤੋਂ ਰੈਗੂਲੇਟਰੀ ਬਾਡੀ (AICTE/NCTE/BCI ਆਦਿ) ਵੱਲੋਂ ਪ੍ਰਵਾਨਤ ਸੀਟਾਂ ਵਿੱਚ ਹੀ ਉਚ ਕੋਟੀ ਦੇ ਖਿਡਾਰੀਆਂ ਲਈ ਸਪੋਰਟਸ ਕੋਟੇ ਅਧੀਨ ਪੰਜ ਸੀਟਾਂ ਰਾਖਵੀਆਂ ਕੀਤੀਆਂ ਜਾਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਲਜ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
2. ਸਬੰਧਤ ਕਾਲਜਾਂ ਵੱਲੋਂ ਸਪੋਰਟਸ ਕੋਟੇ ਅਧੀਨ ਪੰਜ ਰਾਖਵੀਆਂ ਸੀਟਾਂ ਉਚ ਕੋਟੀ ਦੇ ਖਿਡਾਰੀਆਂ ਲਈ ਹੀ ਖਾਲੀ ਰੱਖੀਆਂ ਜਾਣ ਅਤੇ ਇਹਨਾਂ ਸੀਟਾਂ ਦੇ ਦਾਖਲਿਆਂ ਸਬੰਧੀ ਬਾਕੀ ਵਿਦਿਆਰਥੀਆਂ ਲਈ ਨਿਰਧਾਰਿਤ ਸ਼ਡਿਊਲ ਦੀ ਬਜਾਏ ਲੋੜ ਅਨੁਸਾਰ ਵਿਸ਼ੇਸ਼ ਤੌਰ ਤੇ ਪ੍ਰਬੰਧ ਹੋਵੇਗਾ।
3. ਸਪੋਰਟਸ ਕੋਟੇ ਅਧੀਨ ਪੰਜ ਰਾਖਵੀਆਂ ਸੀਟਾਂ ਵਿਚ ਉਚ ਕੋਟੀ ਦੇ ਖਿਡਾਰੀਆਂ ਲਈ ਯੂਨੀਵਰਸਿਟੀ ਵੱਲੋਂ ਨਿਰਧਾਰਤ ਪ੍ਰੀਖਿਆ ਫੀਸ/ਰਿਟਰਨ ਫੀਸ ਤੋਂ ਛੋਟ ਹੋਵੇਗੀ।
4. ਸਿੰਡੀਕੇਟ ਦੇ ਪੈਰ੍ਹਾ (ਸਿੰਡੀਕੇਟ ਦੇ ਪੈਰ੍ਹਾ ਨੰ.19 ਮਿਤੀ 20 ਦਸੰਬਰ, 2010) ਜਿੱਥੇ ਰੈਗੂਲੇਟਰੀ ਬਾਡੀ (AICTE/NCTE/BCI ਆਦਿ) ਹੈ, ਉੱਥੇ ਇਹ ਪੈਰ੍ਹਾ ਲਾਗੂ ਨਹੀ ਹੋਵੇਗਾ, ਕੇਵਲ ਯੂਨੀਵਰਸਿਟੀ ਪੱਧਰ ਤੇ ਚਲਦੇ ਬਾਕੀ ਕੋਰਸਾਂ ਲਈ ਹੀ ਲਾਗੂ ਹੋਵੇਗਾ।

ਉਪਰੋਕਤ ਹਦਾਇਤਾਂ/ਦਿਸ਼ਾ-ਨਿਰਦੇਸ਼ਾਂ ਦੀ ਇਨ-ਬਿਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ ਜੀ।

20/11/2023

ਡਾਇਰੈਕਟਰ ਸਪੋਰਟਸ

ਨੱਥੀ/ਸਿੰਡੀਕੇਟ ਪੈਰ੍ਹਾ ਨੰ.19 ਦੀ ਕਾਪੀ

ਉਤਾਰਾ:-

1. ਡੀਨ, ਕਾਲਜ ਵਿਕਾਸ ਕੌਂਸਲ
2. ਕੰਟਰੋਲਰ (ਪ੍ਰੀਖਿਆਵਾਂ)
3. ਓ.ਐਸ.ਏ.-2

# ਪੰਜਾਬੀ ਯੂਨੀਵਰਸਿਟੀ, ਪਟਿਆਲਾ।

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਮਿਤੀ 20 ਦਸੰਬਰ, 2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੇ ਪੈਰ੍ਹਾ ਨੰ. 19 ਦਾ ਉਤਾਰਾ :

ਪੰਜਾਬੀ ਯੂਨੀਵਰਸਿਟੀ ਸਪੋਰਟਸ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਨੋਟ ਕਰਨ ਸੰਬੰਧੀ।

19. **ਪਾਸ ਹੋਇਆ ਕਿ** ਪੰਜਾਬੀ ਯੂਨੀਵਰਸਿਟੀ ਸਪੋਰਟਸ ਕਮੇਟੀ (ਪੁਰਸ਼/ਮਹਿਲਾ) ਦੀ ਸਾਲਾਨਾ ਇਕੱਤਰਤਾ ਮਿਤੀ 11.9.2010 ਵਿੱਚ ਕੀਤੀਆਂ ਹੇਠ ਲਿਖੀਆਂ ਸਿਫ਼ਾਰਸ਼ਾਂ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਨੂੰ ਨੋਟ ਕੀਤਾ ਜਾਂਦਾ ਹੈ :-

1. ਸੈਸ਼ਨ 2011-12 ਤੋਂ ਸਪੋਰਟਸ ਵਿੰਗ/ਸਮਰ ਕੋਚਿੰਗ ਕੈਂਪਾਂ ਅਤੇ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਦੀ ਤਿਆਰੀ ਲਈ ਲਗਾਏ ਜਾਣ ਵਾਲੇ ਸਾਰੇ ਕੈਂਪਾਂ ਲਈ ਖਿਡਾਰੀਆਂ ਦਾ ਖੁਰਾਕੀ ਭੱਤਾ 80/- ਰੁਪਏ ਤੋਂ ਵਧਾ ਕੇ 100/- ਰੁਪਏ ਪ੍ਰਤੀ ਖਿਡਾਰੀ ਪ੍ਰਤੀ ਦਿਨ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ।

2. ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਜਾਣ-ਆਉਣ ਸਮੇਂ ਰੇਲ ਰਾਹੀਂ ਟੀਮਾਂ/ਖਿਡਾਰੀਆਂ ਅਤੇ ਆਫੀਸ਼ੀਅਲਜ਼ ਨੂੰ ਏ.ਸੀ.ਥ੍ਰੀ-ਟੀਅਰ ਵਿੱਚ ਸਫਰ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ।

3. ਅੰਤਰ ਯੂਨੀਵਰਸਿਟੀ ਮੁਕਾਬਲਿਆਂ ਸਮੇਂ ਯੂਨੀਵਰਸਿਟੀ ਟੀਮਾਂ ਨਾਲ ਸਪੋਰਟਸ ਸਾਈਕਾਲੋਜਿਸਟ ਅਤੇ ਸਪੋਰਟਸ ਫਿਜ਼ੀਓਥਰੈਪਿਸਟ ਭੇਜਣ ਲਈ ਪ੍ਰਵਾਨ ਕੀਤਾ ਗਿਆ ਅਤੇ ਇਨ੍ਹਾਂ ਨੂੰ ਟੀ.ਏ./ਡੀ.ਏ. ਦੀਆਂ ਅਦਾਇਗੀਆ ਟੀਮਾਂ ਨਾਲ ਜਾਣ ਵਾਲੇ ਕੋਚ/ਮੈਨੇਜਰ ਦੇ ਬਰਾਬਰ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ।

4. ਸੈਸ਼ਨ 2011-12 ਤੋਂ ਖਿਡਾਰੀਆਂ ਨੂੰ ਦਿੱਤੀਆ ਜਾਣ ਵਾਲੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਪੋਰਟਸ ਫ਼ੀਸ 250/-ਰੁਪਏ ਤੋਂ ਵਧਾ ਕੇ 400/- ਰੁਪਏ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

5. ਸੈਸ਼ਨ 2011-12 ਤੋਂ ਸਪੋਰਟਸ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ 100/- ਰੁਪਏ ਪ੍ਰਤੀ ਵਿਦਿਆਰਥੀ ਤੋਂ ਵੱਧਾ ਕੇ 200/- ਰੁਪਏ ਪ੍ਰਤੀ ਵਿਦਿਆਰਥੀ ਸਾਲਾਨਾ ਸਪੋਰਟਸ ਇਨਫਰਾਸਟਰਕਚਰ ਡਿਵੈਲਪਮੈਂਟ ਫ਼ੀਸ ਵਜੋਂ ਲੈਣ ਲਈ ਪ੍ਰਵਾਨਗੀ ਦਿੱਤੀ ਹੈ।

6. ਸਕੱਤਰ ਸਪੋਰਟਸ ਨੂੰ ਵਿਭਾਗੀ ਕੰਮਾਂ ਲਈ ਖ਼ਰਚ ਕਰਨ ਦਾ ਅਧਿਕਾਰ 10,000/- ਰੁਪਏ ਤੋਂ ਵਧਾ ਕੇ 25,000/- ਰੁਪਏ ਕਰਨ ਪ੍ਰਵਾਨਗੀ ਦਿੱਤੀ ਹੈ।

7. ਵਿਭਾਗ ਦੇ ਇੰਪ੍ਰੈਸਟ ਦੀ ਰਾਸ਼ੀ 10,000/- ਰੁਪਏ ਤੋਂ ਵਧਾ ਕੇ 20,000/-ਰੁਪਏ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ।

8. ਪੰਜਾਬੀ ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ/ਰੀਜ਼ਨਲ ਸੈਂਟਰਾਂ/ਨੇਬਰਹੁੱਡ ਕੈਂਪਸਾਂ ਅਤੇ ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜਾਂ ਵਿਖੇ ਚਲ ਰਹੇ ਸਾਰੇ ਪ੍ਰੋਫੈਸ਼ਨਲ ਅਤੇ ਨਾਨ-ਪ੍ਰੋਫੈਸ਼ਨਲ ਕੋਰਸਾਂ ਵਿੱਚ ਉੱਚ-ਕੋਟੀ ਦੇ ਖਿਡਾਰੀਆਂ ਲਈ ਸਪੋਰਟਸ ਕੋਟੇ ਅਧੀਨ 5-5 ਵਾਧੂ ਸੀਟਾਂ ਰਾਖਵੀਆਂ ਰੱਖਣ ਨੂੰ ਪ੍ਰਵਾਨਗੀ ਦਿੱਤੀ ਹੈ।

---

ਨੰਬਰ : 567-568/ਸਿੰਡੀਕੇਟ ; ਮਿਤੀ : 28-2-2011

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1. ਵਿੱਤ ਅਫ਼ਸਰ
2. ~~ਡਿਪਟੀ ਰਜਿਸਟਰਾਰ (ਅਮਲਾ)~~
2. ਡਾਇਰੈਕਟਰ (ਸਪੋਰਟਸ)

ਨਿਗਰਾਨ (ਸਿੰਡੀਕੇਟ) 25/2/11

ਨੋਟ: ਉਪਰੋਕਤ ਹਵਾਲਾ ਪੈਰ੍ਹੇ ਤੇ ਕੀਤੀ ਕਾਰਵਾਈ ਬਾਰੇ ਜਾਣਕਾਰੀ ਇਕ ਹਫਤੇ ਦੇ ਅੰਦਰ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ

Scanned by CamScanner